GOVERNMENT OF WESTERN AUSTRALIA

Working with Children Check

# ਤੱਥ ਸ਼ੀਟ ORG09
# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਧਾਰਮਿਕ ਖੇਤਰ

Punjabi | ਪੰਜਾਬੀ

ਹੇਠਾਂ **ਬੱਚਿਆਂ ਨਾਲ ਸੰਬੰਧਿਤ ਕੰਮ** ਦੀਆਂ ਸ਼੍ਰੇਣੀਆਂ ਦੀ ਸੂਚੀ ਦਿੱਤੀ ਗਈ ਹੈ ਜੋ ਧਾਰਮਿਕ ਖੇਤਰ 'ਤੇ ਲਾਗੂ ਹੋ ਸਕਦੀਆਂ ਹਨ, ਜਿੱਥੇ ਕਿਸੇ ਵਿਅਕਤੀ ਦੇ ਅਹੁਦੇ ਵਿੱਚ ਉਹਨਾਂ ਦੀਆਂ **ਆਮ ਡਿਊਟੀਆਂ** ਦੇ ਹਿੱਸੇ ਵਜੋਂ **ਬੱਚਿਆਂ** ਨਾਲ **ਸੰਪਰਕ ਕਰਨਾ** ਸ਼ਾਮਲ ਹੁੰਦਾ ਹੈ, ਜਾਂ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ। "ਧਾਰਮਿਕ ਖੇਤਰ" ਸ਼ਬਦ ਸਾਰੀਆਂ ਧਾਰਮਿਕ ਸੰਸਥਾਵਾਂ ਅਤੇ ਪੰਥਕ ਭਾਈਚਾਰਿਆਂ 'ਤੇ ਲਾਗੂ ਹੁੰਦਾ ਹੈ।

ਇਹ ਸਾਰਣੀ ਸਿਰਫ਼ ਇੱਕ ਗਾਈਡ ਹੈ ਅਤੇ ਸੰਪੂਰਨ ਹੋਣ ਦਾ ਦਾਅਵਾ ਨਹੀਂ ਕਰਦੀ ਹੈ। ਇਹ ਸਾਰੀਆਂ ਸਥਿਤੀਆਂ ਜਾਂ ਭਿੰਨਤਾਵਾਂ ਨੂੰ ਸ਼ਾਮਲ ਨਹੀਂ ਕਰਦੀ ਹੈ ਅਤੇ ਦਿੱਤੀਆਂ ਗਈਆਂ ਉਦਾਹਰਨਾਂ ਵੀ ਛੋਟਾਂ ਦੇ ਅਧੀਨ ਹੋ ਸਕਦੀਆਂ ਹਨ।

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** |
|---|---|
| 3. ਬੱਚਿਆਂ ਲਈ ਵਿੱਦਿਅਕ ਸੰਸਥਾ | • ਸਕੂਲ ਆਧਾਰਿਤ ਪੰਥਕ ਆਗੂ। |
| 8. ਨਜ਼ਰਬੰਦੀ ਕੇਂਦਰ | • ਬੈਂਕਸੀਆ ਹਿੱਲ ਯੂਥ ਡਿਟੈਂਸ਼ਨ ਸੈਂਟਰ ਵਿਖੇ ਪੰਥਕ ਆਗੂ। |
| 11. ਧਾਰਮਿਕ ਸੰਸਥਾ | • ਧਾਰਮਿਕ ਅਤੇ ਪੰਥਕ ਨੇਤਾ ਜਿਨ੍ਹਾਂ ਵਿੱਚ ਧਰਮ ਮੰਤਰੀ, ਰੱਬੀ, ਪੁਜਾਰੀ, ਐਕੋਲਾਇਟਸ ਅਤੇ ਇਮਾਮ ਸ਼ਾਮਲ ਹਨ<br>• ਵਿਸ਼ੇਸ਼ ਮੰਤਰੀ/ਅਸਾਧਾਰਨ ਮਾਮਲਿਆਂ ਵਿੱਚ ਮੰਤਰੀ<br>• ਬੱਚਿਆਂ ਨੂੰ ਧਾਰਮਿਕ ਸਿੱਖਿਆ ਪ੍ਰਦਾਨ ਕਰਨ ਵਾਲੇ ਲੋਕ ਜਿਵੇਂ ਕਿ ਸੰਡੇ ਸਕੂਲ, ਯੁਵਾ ਸਮੂਹ ਅਤੇ ਧਾਰਮਿਕ ਕਹਾਣੀਆਂ ਸੁਣਾਉਣ ਵਾਲੇ। |
| 13. ਕਿਸੇ ਨਿੱਜੀ ਜਾਂ ਸਰਕਾਰੀ ਹਸਪਤਾਲ ਦਾ ਵਾਰਡ | • ਬੱਚਿਆਂ ਦੇ ਵਾਰਡਾਂ ਜਾਂ ਵਾਰਡਾਂ 'ਤੇ ਆਧਾਰਿਤ ਪੰਥਕ ਆਗੂ ਜਿੱਥੇ ਬੱਚੇ ਆਮ ਤੌਰ 'ਤੇ ਮੌਜੂਦ ਹੁੰਦੇ ਹਨ। |
| 15: ਰਾਤ ਰਹਿਣ ਵਾਲੇ ਕੈਂਪ | • ਬੱਚਿਆਂ ਲਈ ਰਾਤ ਦੇ ਕੈਂਪ ਵਿੱਚ ਕੰਮ ਕਰਨ ਵਾਲੇ ਲੋਕ ਭਾਵੇਂ ਉਹ ਆਪ ਰਾਤ ਨੂੰ ਉੱਥੇ ਨਹੀਂ ਰਹਿੰਦੇ ਹਨ |

**ਮੈਂ ਆਪਣੇ ਪੂਜਾ ਸਥਾਨ 'ਤੇ ਕੋਆਇਰ ਵਿੱਚ ਗਾਉਂਦਾ/ਦੀ ਹਾਂ ਅਤੇ ਕੋਆਇਰ (ਭਜਨ ਮੰਡਲੀ) ਵਿੱਚ ਬੱਚੇ ਵੀ ਹਨ, ਕੀ ਮੈਨੂੰ ਵਰਕਿੰਗ ਵਿਦ ਚਿਲਡਰਨ (WWC) ਚੈੱਕ ਦੀ ਲੋੜ ਹੈ?**

ਨਹੀਂ। ਜਿਵੇਂ ਤੁਸੀਂ ਕੋਆਇਰ (ਭਜਨ ਮੰਡਲੀ) ਵਿੱਚ ਹਿੱਸਾ ਲੈ ਰਹੇ ਹੋ, ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਨਹੀਂ ਕਰ ਰਹੇ ਹੋ ਅਤੇ WWC ਚੈੱਕ ਦੀ ਲੋੜ ਨਹੀਂ ਹੈ।

**ਮੈਂ ਆਪਣੇ ਚਰਚ ਵਿਚ ਸੰਗਤ ਵਿੱਚ ਪ੍ਰਾਰਥਨਾ ਸਮੇਂ ਰੱਬੀ ਭੋਜ ਪ੍ਰਦਾਨ ਕਰਦਾ/ਦੀ ਹਾਂ, ਕੀ ਬੱਚਿਆਂ ਨਾਲ ਮੇਰੇ ਸੰਪਰਕ ਨੂੰ ਇਤਫ਼ਾਕਨ ਮੰਨਿਆ ਜਾਵੇਗਾ?**

ਨਹੀਂ। ਬੱਚਿਆਂ ਨਾਲ ਤੁਹਾਡਾ ਇਹ ਸੰਪਰਕ ਤੁਹਾਡੀ ਭੂਮਿਕਾ ਲਈ ਜ਼ਰੂਰੀ ਹੈ ਅਤੇ, ਕਿਉਂਕਿ ਇਹ ਭੂਮਿਕਾ ਸ਼੍ਰੇਣੀ 11 ਦੁਆਰਾ ਸ਼ਾਮਿਲ ਕੀਤੀ ਜਾਂਦੀ ਹੈ, ਇਸ ਲਈ WWC ਚੈੱਕ ਦੀ ਲੋੜ ਹੁੰਦੀ ਹੈ।

**ਜੇਕਰ ਮੈਂ ਸੰਡੇ ਸਕੂਲ ਜਾਂ ਲਿਟਲ ਪਿਲਰਜ਼ ਗਰੁੱਪ ਨੂੰ ਪੜ੍ਹਾਉਣ ਲਈ ਵਾਲੰਟੀਅਰ ਕਰਦਾ/ਦੀ ਹਾਂ ਪਰ ਮੇਰਾ ਬੱਚਾ ਉਹਨਾਂ ਕਲਾਸਾਂ ਵਿੱਚ ਹਿੱਸਾ ਨਹੀਂ ਲੈਂਦਾ, ਤਾਂ ਕੀ ਮੈਨੂੰ ਅਜੇ ਵੀ ਮਾਤਾ-ਪਿਤਾ ਵਜੋਂ ਵਾਲੰਟੀਅਰ ਕਰਨ ਦੀ ਛੋਟ ਮਿਲਦੀ ਹੈ?**

ਨਹੀਂ। ਸ਼੍ਰੇਣੀ 11 ਦੇ ਅਧੀਨ **ਮਾਤਾ-ਪਿਤਾ ਵਜੋਂ ਵਾਲੰਟੀਅਰ** ਕਰਨ ਦੀ ਛੋਟ ਤੱਕ ਪਹੁੰਚ ਕਰਨ ਲਈ ਤੁਹਾਡੇ ਬੱਚੇ ਨੂੰ ਤੁਹਾਡੇ ਨਾਲ ਉਸੇ ਗਤੀਵਿਧੀ ਵਿੱਚ ਹਿੱਸਾ ਲੈਣ ਦੀ ਲੋੜ ਹੁੰਦੀ ਹੈ। ਜੇਕਰ ਉਹ ਇਹ ਨਹੀਂ ਹਨ ਤਾਂ ਤੁਹਾਨੂੰ WWC ਚੈੱਕ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ। ਹੋਰ ਜਾਣਕਾਰੀ ਲਈ ਤੱਥ ਸ਼ੀਟ CRW03 - ਛੋਟਾਂ, ਮਾਤਾ-ਪਿਤਾ ਵਾਲੰਟੀਅਰ ਛੋਟ ਵੇਖੋ।

**ਮੇਰਾ ਪੰਥਕ ਭਾਈਚਾਰਾ ਸਾਲਾਨਾ ਯੁਵਾ ਕੈਂਪ ਚਲਾਉਂਦਾ ਹੈ। ਮੇਰੀ ਧੀ ਇਸ ਸਾਲ ਇਸ ਵਿਚ ਹਿੱਸਾ ਲਵੇਗੀ ਅਤੇ ਮੈਂ ਨਿਗਰਾਨੀ ਕਰਨ ਲਈ ਵਾਲੰਟੀਅਰ ਹਾਂ, ਕੀ ਮੈਂ ਮਾਤਾ-ਪਿਤਾ ਵਜੋਂ ਵਾਲੰਟੀਅਰ ਕਰਨ ਲਈ ਮਿਲਦੀ ਛੋਟ ਦੀ ਵਰਤੋਂ ਕਰ ਸਕਦਾ/ਦੀ ਹਾਂ?**

ਨਹੀਂ। ਰਾਤ ਦੇ ਕੈਂਪਾਂ ਦੀ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਆਪਣੀ ਸ਼੍ਰੇਣੀ ਹੁੰਦੀ ਹੈ: ਸ਼੍ਰੇਣੀ 15, ਅਤੇ ਰਾਤ ਦੀਆਂ ਗਤੀਵਿਧੀਆਂ ਦੇ ਉੱਚ-ਜ਼ੋਖਮ ਵਾਲੇ ਸੁਭਾਅ ਦੇ ਹੋਣ ਕਾਰਨ, ਮਾਤਾ-ਪਿਤਾ ਨੂੰ ਵਾਲੰਟੀਅਰ ਵਜੋਂ ਕੋਈ ਛੋਟ ਨਹੀਂ ਹੈ। ਇਸਦਾ ਮਤਲਬ ਹੈ ਕਿ ਤੁਹਾਨੂੰ WWC ਚੈੱਕ ਦੀ ਲੋੜ ਹੈ।

**ਮੈਂ ਆਪਣੇ ਪੰਥਕ ਭਾਈਚਾਰੇ ਦੀ ਚੈਰੀਟੇਬਲ ਸ਼ਾਖਾ ਵਿੱਚ ਵਾਲੰਟੀਅਰ ਹਾਂ ਅਤੇ ਬੱਚਿਆਂ ਨਾਲ ਸੰਪਰਕ ਹੋ ਸਕਦਾ ਹੈ। ਕੀ ਮੈਨੂੰ WWC ਚੈੱਕ ਦੀ ਲੋੜ ਹੈ?**

ਨਹੀਂ। ਸ਼੍ਰੇਣੀ 11 ਫੂਡਬੈਂਕਾਂ, ਪੁਰਾਣੇ ਵਰਤੇ ਹੋਏ ਕੱਪੜਿਆਂ ਦੀਆਂ ਦੁਕਾਨਾਂ / ਓਪ ਦੁਕਾਨਾਂ ਅਤੇ ਕੱਪੜੇ ਦੀਆਂ ਡਰਾਈਵਾਂ ਤੱਕ ਫੈਲਿਆ ਹੋਇਆ ਨਹੀਂ ਹੈ, ਅਤੇ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਕੋਈ ਹੋਰ ਸ਼੍ਰੇਣੀ ਲਾਗੂ ਨਹੀਂ ਹੁੰਦੀ ਹੈ।

**ਮੋਟੇ ਅੱਖਰਾਂ ਵਾਲੇ (bold)** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।